ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਯੋਜਨਾ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ ਸਾਹਿਬਾਨ।

ਪੱਤਰ ਨੰ:41/97-ਡੀ.ਪੀ.ਪੀ.3/1619-38
ਮਿਤੀ: 24-10-07

ਵਿਸ਼ਾ:- ਪਲਾਨ ਸਕੀਮ ਸੀ.ਡੀ. 2.32-ਬੁਨਿਆਦੀ ਢਾਂਚਾਂ ਅਤੇ ਸੰਸਥਾਗਤ ਕੰਮ ਲਈ ਗਰਾਂਟਾ ਦੇਣ ਸਬੰਧੀ।

- -

ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਯਾਦ ਪੱਤਰ ਨੰ:41/97-ਡੀ.ਪੀ.ਪੀ-3-/14880-900, ਮਿਤੀ 11-05-2007 ਦੇ ਹਵਾਲੇ ਵਿੱਚ।

2. ਸਰਕਾਰ ਵਲੋ ਪਲਾਨ ਸਕੀਮ ਸੀ.ਡੀ. 2.32 ਦੀਆਂ ਪੱਤਰ ਮਿਤੀ 11-05-2007 ਰਾਹੀ ਜਾਰੀ ਕੀਤੀਆਂ ਗਈਆਂ ਅਗਵਾਈ ਲੀਹਾਂ ਵਿੱਚ ਸੋਧ ਕੀਤੀ ਗਈ ਹੈ। ਸੋਧੀਆ ਹੋਈਆਂ ਅਗਵਾਈ ਲੀਹਾਂ ਦੀ ਕਾਪੀ ਆਪ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

3. ਇਹ ਯਕੀਨੀ ਬਣਾਇਆ ਜਾਵੇ ਕਿ ਲਾਭਪਾਤਰੀ ਸੰਸਥਾਂ ਨੂੰ ਗਰਾਂਟ ਰਲੀਜ਼ ਕਰਨ ਤੋ ਪਹਿਲਾਂ ਸਾਰੀਆਂ ਸ਼ਰਤਾਂ ਪੂਰੀਆ ਕਰ ਲਈਆ ਜਾਣ।

ਸਹੀ/-
ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰ:41/97-ਡੀ.ਪੀ.ਪੀ.3/1640-41 ਮਿਤੀ:24-10-07

ਉਪਰੋਕਤ ਇਕ ਉਤਾਰਾ ਹੇਠ ਲਿਖਿਆਂ ਨੂੰ (ਅਗਵਾਈ ਲੀਹਾ ਦੀ ਕਾਪੀ ਸਮੇਤ):-

1. ਮਹਾ ਲੇਖਾਕਾਰ (ਲੇਖਾ ਹੱਕਦਾਰੀ), ਪੰਜਾਬ, ਚੰਡੀਗੜ੍ਹ, ਅਤੇ
2. ਮਹਾ ਲੇਖਕਾਰ (ਆਡਿਟ), ਪੰਜਾਬ, ਚੰਡੀਗੜ੍ਹ।

ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਦਾ ਹੈ।

ਸਹੀ/-
ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਉਪਰੋਕਤ ਦਾ ਇਕ ਉਤਾਰਾ ਅਧੀਨ ਸਕੱਤਰ (ਜਨਰਲ) ਮੁੱਖ ਮੰਤਰੀ ਸਕੱਤਰੇਤ (ਅਗਵਾਈ ਲੀਹਾ ਦੀ ਕਾਪੀ ਸਮੇਤ), ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸਹੀ/-
ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਸੇਵਾ ਵਿਖੇ

ਅਧੀਨ ਸਕੱਤਰ (ਜਨਰਲ)
ਮੁੱਖ ਮੰਤਰੀ ਸੱਕਤਰੇਤ।

ਅੰ:ਵਿ:ਪ:ਨੰ:41/97-ਡੀ.ਪੀ.ਪੀ.-3/1642 ਮਿਤੀ:24-10-07

ਵਿਸ਼ਾ:___ ਬੁਨਿਆਦੀ ਢਾਂਚਾ ਅਤੇ ਸੰਸਥਾਗਤ ਕੰਮਾਂ ਨੂੰ ਮਜਬੂਤ ਕਰਨ ਲਈ ਗਰਾਂਟਾਂ ਦੇਣ ਸਬੰਧੀ– ਪਲਾਨ ਸਕੀਮ।

1. <u>ਸਕੀਮ ਦੀ ਜਾਣ-ਪਛਾਣ:</u>

ਪੰਜਾਬ ਸਰਕਾਰ ਵਲੋ ਸਰਕਾਰ ਅਤੇ ਲੋਕਾਂ ਵਿਚਕਾਰ ਦੂਰੀ ਨੂੰ ਘਟਾਉਣ, ਲੋਕਾਂ ਦੀ ਸਰਕਾਰ ਵਿੱਚ ਸਮੂਲੀਅਤ ਵਧੇਰੇ ਕਰਕੇ, ਜਵਾਬਦੇਹ ਸਰਕਾਰ ਬਨਾਉਣ ਦੇ ਮੰਤਵ ਲਈ ਵਿੱਢੀ ਗਈ ਸੰਗਤ ਦਰਸ਼ਨ ਸਕੀਮ ਅਧੀਨ ਮੁੱਖ ਮੰਤਰੀ ਜੀ ਅਤੇ ਹੋਰ ਮੰਤਰੀ ਸਾਹਿਬਾਨ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਦੌਰਿਆਂ ਸਮੇ ਲੋਕਾਂ ਵਲੋ ਪੇਸ਼ ਕੀਤੀਆਂ ਆਪਣੀਆਂ ਸਮਸਿਆਵਾਂ ਨੂੰ ਦੂਰ ਕਰਨ ਹਿੱਤ,ਵੱਖ ਵੱਖ ਵਿਭਾਗਾਂ ਨੂੰ ਮੌਕੇ ਉੱਤੇ ਹੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਸਨ ਅਤੇ ਸਮਸਿਆਵਾਂ ਦਾ ਹੱਲ ਸਮਾਂ ਬੱਧ ਕੀਤਾ ਜਾਂਦਾ ਹੈ, ਪ੍ਰੰਤੂ ਬਹੁਤ ਸਾਰੀਆਂ ਸਮਸਿਆਵਾਂ ਲੋਕਾਂ ਵਲੋ ਅਜਿਹੀਆਂ ਪੇਸ਼ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਸਪਸ਼ਟ ਤੋਰ ਤੇ ਕਿਸੇ ਇਕ ਵਿਭਾਗ ਦੀ ਜਿੰਮੇਵਾਰੀ ਨਹੀ ਲਾਈ ਜਾ ਸਕਦੀ ਕਿਉਕਿ ਸਮਸਿਆਵਾਂ ਦਾ ਆਕਾਰ ਹੀ ਅਜਿਹਾ ਹੁੰਦਾ ਹੈ ਕਿ ਇਸ ਦਾ ਹੱਲ ਕਈ ਮਹਿਕਮਿਆਂ ਵਲੋ ਉੱਚ ਪੱਧਰ ਤੇ ਤਾਲਮੇਲ ਕਰਨ ਉਪਰੰਤ ਹੀ ਸੰਭਵ ਹੁੰਦਾ ਹੈ। ਫਿਰ ਅਜਿਹੀ ਸਮਸਿਆ ਲਈ ਕਿਸੇ ਇਕ ਵਿਭਾਗ ਕੋਲ ਇਸ ਦੇ ਹੱਲ ਲਈ ਕੋਈ ਵੀ ਪਲਾਨ ਜਾਂ ਨਾਨ-ਪਲਾਨ ਸਕੀਮ ਅਧੀਨ ਫ਼ੰਡਾਂ ਦੀ ਵਿਵਸਥਾ ਨਹੀ ਹੁੰਦੀ। ਫ਼ੰਡਾਂ ਦੀ ਵਿਵਸਥਾਂ ਕਰਾਉਣ ਲਈ ਪਲਾਨਿੰਗ ਅਤੇ ਵਿੱਤ ਵਿਭਸ਼ਾਗ ਨਾਲ ਲਿਖਾ ਪੜੀ ਕਰਨ ਲਈ ਲੰਮਾ ਸਮਾਂ ਖਰਚ ਹੋ ਜਾਂਦਾ ਹੈ ਜਦੋ ਕਿ ਲੋਕਾਂ ਵਲੋ ਪੇਸ਼ ਕੀਤੀਆਂ ਸਮਸਿਆਵਾਂ/ਮੰਗਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਨਿਪਟਾਰਾ ਤੁਰੰਤ ਕਰਨ ਦੀ ਲੋੜ ਹੁੰਦੀ ਹੈ। ਇਸ ਵਿੱਚ ਥੋੜੀ ਜਿਹੀ ਦੇਰ ਵੀ ਲੋਕਾਂ ਲਈ ਜਾਨ ਅਤੇ ਮਾਨ ਦਾ ਖਤਰਾ ਪੈਦਾ ਕਰ ਸਕਦੀ ਹੈ।ਕਈ ਵਾਰ ਗੁੰਝਲਦਾਰ ਰੂਪ ਧਾਰਨ ਕਰਕੇ ਅਮਨ ਅਤੇ ਕਾਨੂੰਨ ਦੀ ਸਮੱਸਿਆ ਪੈਦਾ ਕਰ ਸਕਦੇ ਹਨ। ਜਿਸ ਨਾਲ ਲੋਕਾਂ ਲਈ ਜਵਾਬ-ਦੇਹ ਸਰਕਾਰ ਦਾ ਅਕਸ਼ ਹੀ ਨਹੀ ਵਿਗੜਦਾ ਸਗੋ ਸਰਕਾਰ ਵਿੱਚ ਲੋਕਾਂ ਦੇ ਵਿਸ਼ਵਾਸ਼ ਨੂੰ ਭਾਰੀ ਠੇਸ ਪਹੁੰਚਦੀ ਹੈ। ਕਈ ਵਾਰ ਅਜਿਹੇ ਪ੍ਰੋਜੈਕਟਾਂ ਜਾਂ ਇਨਸਟੀਚਿਊਸ਼ਨਲ ਵਰਕ ਵੀ ਸਾਹਮਣੇ ਆ ਜਾਂਦੇ ਹਨ ਜਿਨ੍ਹਾਂ ਦੀ ਮੁਰੰਮਤ ਜਾਂ ਉਸਾਰੀ ਦੀ ਅਤਿਅੰਤ ਜਰੂਰਤ ਮਹਿਸੂਸ ਹੁੰਦੀ ਹੈ, ਪ੍ਰੰਤੂ ਉਹ ਕਿਸੇ ਵੀ ਸਰਕਾਰੀ ਮਹਿਕਮੇ ਦੀ ਜੱਦ ਵਿੱਚ ਨਹੀ ਆਉਦੇ।

2. ਭਾਵੇ ਪੰਜਾਬ ਸਰਕਾਰ ਵਲੋ ਲੋਕਾਂ ਦੀਆਂ ਮੰਗਾਂ/ਸਮਸਿਆਵਾਂ ਦਾ ਤੁਰੰਤ ਨਿਪਟਾਰਾ ਕਰਨ ਲਹੀ ਵਿਵੇਕੀ ਗਰਾਂਟਾਂ ਦੀ ਵਿਵਸਥਾ ਕੀਤੀ ਹੋਈ ਹੈ ਪ੍ਰੰਤੂ ਇਨ੍ਹਾਂ ਗਰਾਂਟਾ ਦੀ ਰਕਮ ਪ੍ਰੋਜੈਕਟਾਂ ਲਈ ਬਹੁਤ ਘੱਟ ਹੈ ਜਿਸ ਨਾਲ ਲੋਕ ਹਿਤਾਂ ਦੇ ਪ੍ਰੋਜੈਕਟ ਪੂਰੇ ਨਹੀ ਕੀਤੇ ਜਾ ਸਕਦੇ।

3. ਪੰਜਾਬ ਵਿੱਚ ਹੋਏ ਵਿਕਾਸ ਨੇ ਲੋਕਾਂ ਵਿੱਚ ਨਵੀ ਜਾਗਰੂਕਤਾ ਅਤੇ ਨਵੀ ਰੂਹ ਪੈਦਾ ਕੀਤੀ ਹੈ, ਜਿਸ ਨਾਲ ਲੋਕਾਂ ਵਿੱਚ ਆਪਣੇ ਵਿਕਾਸ ਪ੍ਰਤੀ ਵਧੇਰੇ ਚੇਤਨਤਾ ਪੈਦਾ ਹੋਈ ਹੈ। ਇਸ ਦੇ ਨਾਲ ਨਾਲ ਕੁੱਝ ਨਵੀ ਕਿਸਮ ਦੀਆਂ ਸਮਸਿਆਵਾਂ ਵੀ ਸਮਾਜ਼ ਵਿੱਚ ਪੈਦਾ ਹੋ ਰਹੀਆਂ ਹਨ ਜਿਨ੍ਹਾਂ ਦਾ ਹੱਲ ਤੁਰੰਤ ਕੀਤਾ ਜਾਣਾ ਲੋੜੀਦਾ ਹੁੰਦਾ ਹੈ। ਇਹ ਸਮਸਿਆਵਾਂ ਕਈ ਵਾਰ ਅਜਿਹੇ ਕਿਸਮ ਦੀਆਂ ਹੁੰਦੀਆਂ ਹਨ ਜਿਨ੍ਹਾਂ ਲਈ ਉੱਚ ਪੱਧਰ ਦੀ ਤਕਨੀਕ ਅਤੇ ਵਿਸ਼ੇ ਨਾਲ ਮੰਨੇ ਪ੍ਰਮੰਨੇ ਮਾਹਿਰਾਂ ਦੀ ਰਾਏ ਦੀ ਲੋੜ ਹੁੰਦੀ ਹੈ। ਕਈ ਵਾਰ ਲੋਕਾਂ ਦੀ ਇੱਛਾ ਨਾਲ ਅਜਹਿ ਇਤਿਹਸਕ ਅਤੇ ਲੋਕ ਵਿਰਸੇ ਦੇ ਪ੍ਰੋਜ਼ੈਕਟ/ ਸਮਾਰਕ ਵੀ ਜੁੜੇ ਹੁੰਦੇ ਹਨ, ਜਿਨ੍ਹਾਂ ਦਾ ਵਿਕਾਸ ਅਤੇ ਉਚਿਤ ਪ੍ਰਬੰਧ ਕਰਨਾ ਲੋਕ ਹਿੱਤ ਵਿੱਚ ਹੁੰਦਾ ਹੈ। ਅਜਿਹੇ ਪ੍ਰੋਜੈਕਟਾਂ ਲਈ ਕਾਫ਼ੀ ਰਾਸ਼ੀ ਦੀ ਲੋੜ ਹੁੰਦੀ ਹੈ। ਇਹ ਰਾਸ਼ੀ ਪਲਾਨਿੰਗ ਵਿਭਾਗ ਅਤੇ ਵਿੱਤ ਵਿਭਾਗ ਵਲੋ ਪੇਸ਼ ਕੀਤੀਆਂ/ਚਲਾਈਆਂ ਜਾਂਦੀਆਂ ਸਕੀਮਾਂ ਅਧੀਨ ਉਪਲਬੱਧ ਨਾ ਹੋਣ ਕਾਰਣ ਜਾਂ ਫ਼ਿਰ ਵਿਭਾਗੀ ਲੰਮੀ ਲਿਖਾ ਪੜ੍ਹੀ ਦਾ ਸਿਲਸਿਲਾ ਵਿੱਚ ਆ ਜਾਣ ਕਰਕੇ ਇਹ ਕੰਮ/ ਪ੍ਰੋਜੈਕਟ ਅਣਗੋਲੋ ਪਏ ਰਹਿੰਦੇ ਹਨ ਜੋ ਕੁੱਝ ਸਮੇ ਬਾਅਦ ਲੋਕਾਂ ਅਤੇ ਸਰਕਾਰ ਲਈ ਭਾਰੀ ਸਮਸਿਆ ਪੈਦਾ ਕਰ ਦਿੰਦੇ ਹਨ ਜਾਂ ਲੋਕ ਵਿਰਸੇ ਦਾ ਅਹਿਮ ਅੰਗ ਸਦਾ ਲਈ ਮਿਟ ਜਾਂਦਾ ਹੈ। ਅਤੇ ਲੋਕਤੰਤਰੀ ਢਾਜੇ ਵਿੱਚ ਇਸ ਸਮੰਸਿਆ ਦਾ ਹੱਲ ਤੁਰੰਤ ਕੀਤਾ ਜਾਣਾ ਬਣਦਾ ਹੈ। ਇਸ ਲਈ ਫ਼ੰਡਾਂ ਦੀ ਐਸੀ ਵਿਵਸਥਾ, ਜਿਹੜੀ ਸਰਕਾਰ ਦੇ ਉੱਚ ਪੱਧਰ ਤੇ ਕੀਤੀ ਜਾਣੀ ਬਣਦੀ ਹੈ, ਜਿਸ ਨਾਲ ਤੁਰੰਤ

ਹਰਕਤ ਵਿੱਚ ਆਕੇ ਆਧੁਨਿਕ ਪ੍ਰਾਪਤ ਤਕਨੀਕ ਦੀ ਵਰਤੋਂ ਕਰਕੇ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਦਾ ਪ੍ਰੋਗਰਾਮ ਬਣਾਇਆ ਜਾ ਸਕੇ।

4. ਉੱਚ ਪੱਧਰ ਤੇ ਇਸ ਸਮਸਿਆ ਤੇ ਵਿਚਾਰ ਕਰਨ ਉਪਰੰਤ ਇਹ ਨਤੀਜ਼ਾ ਕਢਿਆ ਗਿਆ ਹੈ ਕਿ ਇਸ ਸਮਸਿਆ ਦੇ ਹੱਲ ਲਈ ਮੁੱਖ ਮੰਤਰੀ ਜੀ ਦੇ ਅਖਤਿਆਰ ਹੇਠ 10 ਕਰੋੜ ਰੁਪਏ ਦੀ ਰਕਮ ਪ੍ਰਤੀ ਸਾਲ ਪਲਾਨ ਸਕੀਮ ਵਿੱਚ ਰੱਖੀ ਜਾਵੇ, ਜਿਸ ਨਾਲ ਪੰਜਾਬ ਰਾਜ ਦੇ ਖੇਤਰ ਅੰਦਰ ਅਤੇ ਸਰਕਾਰ ਨਾਲ ਸਬੰਧਤ ਸੰਸਥਾਵਾਂ ਵਿੱਚ ਬੁਨਿਆਦੀ ਢਾਂਚਾ ਅਤੇ ਸੰਸਥਾਗਤ ਕੰਮਾਂ ਨੂੰ ਮਜਬੂਤ ਕਰਨ ਲਈ ਇਸ ਵਿਚੋਂ ਗਰਾਂਟਾਂ ਦਿੱਤੀਆ ਜਾ ਸਕੱਣ। ਇਹ ਰਕਮ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ਕੋਲ ਰੱਖੀ ਜਾਵੇ ਜਿਹੜੀ ਜਦੋ ਵੀ ਮੁੱਖ ਮੰਤਰੀ ਜੀ ਆਪਣੇ ਦੌਰੇ ਜਾਂ ਇਲਾਕੇ ਦੇ ਲੋਕਾਂ ਵਲੋ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਸਮਸਿਆ ਦੇ ਹੱਲ ਲਈ ਗਰਾਂਟ ਦਾ ਐਲਾਨ ਕਰਨ, ਜਿਸ ਦੀ ਲਿਖਤੀ ਸੂਚਨਾ ਪ੍ਰਾਪਤ ਹੋਣ ਤੇ ਗਰਾਂਟ ਦਾ ਭੁਗਤਾਨ ਸਬੰਧਤ ਸੰਸਥਾ/ ਕੰਮ ਕਰਾਉਣ ਵਾਲੀ ਏਜੰਸੀ ਨੂੰ ਕਰ ਦਿੱਤਾ ਜਾਵੇ ਤਾਂ ਜੋ ਮੁੱਖ ਮੰਤਰੀ ਜੀ ਵਲੋ ਐਲਾਨ ਕੀਤੇ ਸਮੇ ਦੇ ਅੰਦਰ ਅੰਦਰ ਲੋਕਾਂ ਦੀ ਮੁਸ਼ਕਲ/ ਮੰਗ ਪੂਰੀ ਕਰ ਦਿੱਤੀ ਜਾਵੇ।

<u>ਸਕੀਮ ਦੀ ਕਿਸਮ:</u>

ਇਹ ਸਕੀਮ ਪਲਾਨ ਸਕੀਮ ਹੋਵੇਗੀ ਅਤੇ ਪੂਰੀ ਦੀ ਪੂਰੀ ਰਾਜ ਸਰਕਾਰ ਵਲੋ ਪ੍ਰਯੋਜਿਤ ਹੋਵੇਗੀ ਅਤੇ ਸਾਲ ਦਰ ਸਾਲ ਚਾਲੂ ਰਹੇਗੀ। ਇਸ ਸਕੀਮ ਲਈ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੋਡਲ ਏਜੰਸੀ ਦੇ ਤੌਰ ਤੇ ਕੰਮ ਕਰੇਗਾ ਅਤੇ ਪਲਾਨਿੰਗ/ਵਿੱਤ ਵਿਭਾਗ ਹਰ ਇੱਕ ਸਾਲ ਲੋੜੀਦੇ ਫ਼ੰਡਾਂ ਦਾ ਉਪਬੰਧ ਕਰੇਗਾ। ਫ਼ੰਡਾਂ ਦਾ ਉਪਬੰਧ ਵਿਸਤ੍ਰਿਤ ਲੇਖਾ ਨੰ:4515-ਕੈਪੀਟਲ ਆਉਟ ਲੇਅ ਆਨ ਅਦਰ ਰੂਰਲ ਡਵੈਲਪਮੈਟ ਪ੍ਰੋਗਰਾਮ (ਪਲਾਨ)-103 ਰੂਰਲ ਡਵੈਲਪਮੈਟ-08-ਸੀ.ਡੀ.2.32-ਬੁਨਿਆਦੀ ਢਾਂਚਾ ਅਤੇ ਸੰਸਥਾਗਤ ਕੰਮਾਂ- ਅਦਰ ਐਕਸਪੈਂਡੀਚਰ ਵਿਚ ਕੀਤਾ ਜਾਵੇਗਾ।

<u>ਸਕੀਮ ਅਧੀਨ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ:</u>

(1) ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਸਕੀਮ, ਕੋਈ ਵੀ ਹੋਵੇ।

(2) ਖੇਤੀਬਾੜੀ ਦੇ ਸੁਧਾਰ ਸਬੰਧੀ ਸਕੀਮ।

(3) ਦਿਹਾਤੀ ਸਫ਼ਾਈ ਅਤੇ ਸੁਧਾਰ ਵਾਸਤੇ ਵਿਕਾਸ ਸਕੀਮ।

(4) ਪਿੰਡਾਂ ਅਤੇ ਸ਼ਹਿਰਾਂ ਲਈ ਸੜਕਾਂ ਅਤੇ ਪੁਲ ਅਤੇ ਪੁਲੀਆਂ।

(5) ਸਰਕਾਰੀ ਅਤੇ ਪ੍ਰਵਾਨਤ ਗੈਰ ਸਰਕਾਰੀ ਸਕੂਲਾ/ਕਾਲਜ਼ਾ, ਯੁਨੀਵਰਸਟੀਆਂ ਅਤੇ ਤਕਨੀਕੀ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਸੁਧਾਰ/ਮੁਰੰਮਤ ਕਰਨ ਲਈ ਅਤੇ ਉਨ੍ਹਾਂ ਦੇ ਨਵੀਨੀਕਰਣ/ਆਧੁਨੀਕੀਕਰਣ ਕਰਨ ਹਿੱਤ।

(6) ਡਿਸਪੈਨਸਰੀਆਂ, ਹਸਪਤਾਲਾਂ ਅਤੇ ਪਸ਼ੂ ਹਸਪਤਾਲਾਂ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਅਤੇ ਨਵੀਨੀਕਰਣ/ਆਧੁਨੀਕੀਕਰਣ ਲਈ।

(7) ਲਾਇਬਰੇਰੀਆਂ ਦੀ ਇਮਾਰਤਾਂ ਦੀ ਉਸਾਰੀ, ਵਾਧਾ, ਪੁਸਤਕਾਂ ਖਰੀਦਣ ਅਤੇ ਹੋਰ ਸਹੂਲਤਾਂ ਨੂੰ ਆਧੁਨਿਕ ਕਰਨ ਲਈ।

(8) ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ, ਜਿਲ੍ਹਾ ਪ੍ਰੀਸ਼ਦਾ, ਮਿਉਸੀਪਲ ਕਮੇਟੀਆਂ ਅਤੇ ਮਿਉਸੀਪਲ ਕਾਰਪੋਰੇਸ਼ਨਾ ਦੇ ਘੇਰੇ ਅੰਦਰ ਲੋਕ ਹਿਤ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ।

(9) ਲੋਕ ਭਲਾਈ ਕੰਮਾਂ ਵਿੱਚ ਲੱਗੀਆਂ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਆਧੁਨਿਕਕਰਣ ਕਰਨ ਹਿੱਤ।

(10) ਇਤਿਹਾਸਕ ਅਤੇ ਲੋਕ ਵਿਰਸੇ ਨਾਲ ਜੁੜੇ ਪ੍ਰੋਜ਼ੈਕਟਾਂ ਦੀ ਉਸਾਰੀ, ਵਾਧਾ ਸਾਂਭ ਸੰਭਾਲ ਕਰਨ ਹਿੱਤ।

(11) ਲੋਕਾਂ ਦੀ ਮੰਗ ਤੇ ਲੋਕ ਹਿੱਤ ਲਈ ਕੋਈ ਵੀ ਹੋਰ ਕੰਮ।

(12) ਜਿੱਥੇ ਪੰਚਾਇਤੀ ਜਮੀਨ ਉਪਲੱਬਧ ਨਾ ਹੋਵੇ, ਉੱਥੇ ਅਨੁਸੂਚਿਤ ਜਾਤੀਆਂ ਲਈ ਅਤੇ ਹੋਰ ਗਰੀਬ ਵਰਗਾਂ ਲਈ ਧਰਮਸ਼ਾਲਾਵਾਂ ਵਾਸਤੇ ਜਮੀਨ ਖਰੀਦਣ ਲਈ ਪੰਚਾਇਤਾਂ/ ਸੋਸਾਇਟੀਆਂ/ਸੰਸਥਾਵਾਂ ਨੂੰ ਮਾਲੀ ਸਹਾਇਤਾ।

(13) ਗਰੀਬ ਲੋਕਾਂ ਨੂੰ ਮਕਾਨ ਦੀ ਉਸਾਰੀ ਲਈ 50,000/- ਰੁਪਏ ਤੱਕ ਦੀ ਮਾਲੀ ਸਹਾਇਤਾ।

(14) ਹਰੀਜਨਾ/ਬਾਜੀਗਰਾਂ ਅਤੇ ਹੋਰ ਗਰੀਬ ਲੋਕਾਂ ਦੀਆਂ ਧਰਮਸ਼ਾਲਾਵਾਂ ਨੂੰ ਸਾਂਝੀ ਵਰਤੋ ਲਈ ਟੈਟ/ਬਰਤਨ/ਫਰਨੀਚਰ ਅਤੇ ਹੋਰ ਆਮ ਵਰਤੋ ਦੀਆਂ ਵਸਤਾਂ ਖਰੀਦਣ ਲਈ 50,000/- ਰੁਪਏ ਤੱਕ ਦੀ ਮਾਲੀ ਸਹਾਇਤਾ।

ਉਪਰੋਕਤ ਦੱਸੀ ਸਥਿਤੀ ਅੰਤਮ ਨਹੀ ਹੈ ਅਤੇ ਕੇਵਲ ਉਧਾਰਨ ਵੱਜੋ ਹੀ ਹੈ। ਮੁੱਖ ਮੰਤਰੀ ਜੀ ਅਜਿਹੇ ਕੰਮਾਂ ਜਾਂ ਸਕੀਮਾਂ ਵਾਸਤੇ ਜੋ ਦਿਹਾਤੀ ਜਾਂ ਸ਼ਹਿਰਾ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਜਾਂ ਸਮੁੱਚੇ ਪੰਜਾਬ ਰਾਜ ਦੇ ਪ੍ਰਬੰਧ ਨਾਲ ਜੁੜੇ ਮਹੱਤਤਾ ਵਾਲੇ ਕੰਮਾਂ/ਸਕੀਮਾਂ ਲਈ ਗਰਾਂਟ ਮਨਜੂਰ ਕਰ ਸਕਦੇ ਹਨ। ਭਾਵੇ ਇਹ ਕੰਮ ਪੰਜਾਬ ਰਾਜ ਦੀ ਹੱਦ ਤੋ ਬਾਹਰ ਭਾਰਤ ਸਰਕਾਰ ਦੀ ਹੱਦ ਅੰਦਰ ਕਿਧਰੇ ਵੀ ਹੋਣ।

<u>ਸ਼ਰਤਾ ਅਤੇ ਅਗਵਾਹੀ ਲੀਹਾਂ</u>

ਇਨ੍ਹਾਂ ਸਕੀਮਾਂ ਨੂੰ ਸੁਚਜੇ ਢੰਗ ਨਾਲ ਨੇਪਰੇ ਚੜਾਉਣ ਲਈ ਫ਼ੰਡਜ਼ ਜਾਰੀ ਕਰਨ ਸਮੇ ਹੇਠ ਦਰਜ਼ ਦਿਸ਼ਾ ਨਿਰਦੇਸ਼ਾ ਦਾ ਧਿਆਨ ਰਖਣ ਦੀ ਜਰੂਰਤ ਹੋਵੇਗੀ।

<u>ਦਿਸ਼ਾ ਨਿਰਦੇਸ਼:</u>

(1) ਗਰਾਂਟ ਪ੍ਰਾਪਤ ਕਰਨ ਵਾਲੀ ਸੰਸਥਾ/ਲਾਭਵੰਦ, ਗਰਾਂਟ ਦਾ ਕੁੱਝ ਭਾਗ ਅੰਸਦਾਨ ਵਜੋ, ਜੇਕਰ ਸੰਭਵ ਹੋਵੇ - ਦੀ ਸ਼ਰਤ ਲਗਾਉਣ ਵੱਲ ਧਿਆਨ ਰੱਖਣ ਦੀ ਜਰੂਰਤ ਹੋਵੇਗੀ।

(2) ਗਰਾਂਟਾਂ ਸਰਕਾਰੀ ਸੰਸਥਾਵਾਂ/ਪ੍ਰਾਈਵੇਟ ਪ੍ਰਮਾਣਤ ਸੰਸਥਾਵਾਂ ਜੋ ਲੋਕ ਹਿਤਾਂ ਦਾ ਕੰਮ ਕਰ ਰਹੀਆਂ ਹੋਣ, ਨਾਲ ਸਬੰਧਤ ਇਮਾਰਤਾਂ ਦੀ ਉਸਾਰੀ ਵਾਧਾ ਅਤੇ ਸੁਧਾਰ ਲਈ ਦਿੱਤੀਆਂ ਜਾ ਸਕਦੀਆਂ ਹਨ।

(3) ਸੰਪਰਦਾਇਕਤਾ ਫ਼ੈਲਾਉਣ ਵਾਲੀਆਂ ਸੰਸਥਾਵਾਂ ਨੂੰ ਇਹ ਗਰਾਂਟਾਂ ਨਾ ਦਿੱਤੀਆਂ ਜਾਣ ਪ੍ਰੰਤੂ ਇਹਨਾਂ ਸੰਸਥਾਵਾਂ ਨੂੰ ਜਿਨ੍ਹਾਂ ਦੀ ਮਦੱਦ ਨਾਲ ਵਰਤਮਾਨ ਸਹੁਲਤਾਂ ਵਿੱਚ ਵਿਸ਼ੇਸ਼ ਵਾਧਾ ਹੋਵੇਗਾ, ਇਹ ਸੰਸਥਾਂ ਉਸ ਇਲਾਕੇ ਵਿੱਚ ਰਹਿ ਰਹੀਆਂ ਸਭ ਜਾਤੀਆਂ, ਨਸਲਾਂ ਅਤੇ ਧਰਮਾਂ ਦੇ ਲੋਕਾਂ ਲਈ ਹੋਵੇ, ਨੂੰ ਮਨਜੂਰ ਕੀਤੀਆਂ ਜਾ ਸਕਦੀਆਂ ਹਨ।

(4) ਗਰਾਂਟਾਂ ਪੰਜਾਬ ਰਾਜ ਦੇ ਸਾਰੇ ਇਲਾਕਿਆਂ ਵਿੱਚ ਮਨਜੂਰ ਕੀਤੀਆਂ ਜਾ ਸਕਦੀਆਂ ਹਨ ਪ੍ਰੰਤੂ ਉਹਨਾਂ ਸੰਸਥਾਵਾਂ ਅਤੇ ਬਾਡੀਜ਼ ਜੋ ਪੰਜਾਬ ਰਾਜ ਤੋ ਬਾਹਰ ਹਨ, ਲਈ ਵੀ ਮਨਜੂਰ ਕੀਤੀਆਂ ਜਾ ਸਕਦੀਆਂ ਹਨ, ਜੇਕਰ ਮੁੱਖ ਮੰਤਰੀ ਜੀ ਦੀ ਰਾਏ ਵਿੱਚ ਇਹ ਪੰਜਾਬੀ ਸਭਿਆਚਾਰ ਦੀ ਪ੍ਰਫੁੱਲਤਾ ਵਿੱਚ ਸਹਾਈ ਹੋਣ ਜਾਂ ਰਾਜ ਦੇ ਵਿਕਾਸ ਦਾ ਪ੍ਰਤੀਬਿੰਬ ਵਧੀਆਂ ਬਣਾਉਣ ਵਿੱਚ ਸਹਾਈ ਹੁੰਦੀਆਂ ਹੋਣ।

(5) ਜੇਕਰ ਇਸ ਸਕੀਮ ਹੇਠ ਗਰਾਂਟ ਪਹਿਲਾ ਲੈ ਲਈ ਹੋਈ ਹੈ ਤਾਂ ਉਹ ਸੰਸਥਾ ਪਹਿਲਾਂ ਦਿੱਤੀ ਹੋਈ ਗਰਾਂਟ ਨੂੰ ਖਰਚ ਕਰਕੇ ਵਰਤੋ ਸਰਟੀਫ਼ਿਕੇਟ ਦੇਣ ਉਪਰੰਤ ਹੀ ਦੋਬਾਰਾ ਗਰਾਂਟ ਲੈਣ ਲਈ ਹੱਕਦਾਰ ਹੋਵੇਗੀ।

(6) ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋ ਨਿਸ਼ਚਤ ਕੀਤੇ ਪ੍ਰਫ਼ਾਰਮੇ ਵਿੱਚ ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਜੀ ਗਰਾਂਟ ਜਾਰੀ ਕਰਨ ਲਈ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਨੂੰ ਭੇਜਣਗੇ।

(7) ਭਾਰਤ ਦੇ ਚੋਣ ਕਮਿਸ਼ਨ ਅਤੇ ਸਟੇਟ ਚੋਣ ਕਮਿਸ਼ਨ ਵਲੋ ਕਿਸੇ ਹਾਲਾਤ ਵਿੱਚ ਪੰਜਾਬ ਦੇ ਕਿਸੇ ਹਲਕੇ ਵਿੱਚ ਜਿਮਨੀ ਚੋਣ ਦਾ ਐਲਾਨ ਕਰਨ ਤੋ ਬਾਅਦ ਉਸ ਸਬੰਧਤ ਹਲਕੇ ਵਿੱਚ ਕੋਈ ਵਿਵੇਕੀ ਗਰਾਂਟ ਮਨਜੂਰ ਨਹੀ ਕੀਤੀ ਜਾਵੇਗੀ।

(8) ਭਾਰਤ ਦੇ ਚੋਣ ਕਮਿਸ਼ਨ ਅਤੇ ਸਟੇਟ ਚੋਣ ਕਮਿਸ਼ਨ ਵਲੋ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ਦਾ ਐਲਾਨ ਕਰਨ ਤੋ ਬਾਅਦ ਕੋਈ ਵੀ ਵਿਵੇਕੀ ਗਰਾਂਟ ਦੀ ਮਨਜੂਰੀ ਨਹੀ ਦਿੱਤੀ ਜਾਵੇਗੀ।

(9) ਇਕ ਮੌਕੇ ਤੇ ਜਾਂ ਇਕ ਸੰਸਥਾ ਨੂੰ ਇਕ ਵਾਰ ਮੁੱਖ ਮੰਤਰੀ ਜੀ ਇਕ ਕਰੋੜ ਰੁਪਏ ਦੀ ਰਾਸ਼ੀ ਤੋਂ ਵੱਧ ਗਰਾਂਟ ਮਨਜ਼ੂਰ ਨਹੀਂ ਕਰਨਗੇ।

(10) ਮੰਤਵ ਨੰ: 12 ਲਈ ਇਹ ਸ਼ਰਤ ਹੋਵੇਗੀ ਕਿ ਗਰਾਮ ਪੰਚਾਇਤ/ਸੋਸਾਈਟੀਆਂ/ਸੰਸਥਾਵਾਂ ਲਈ ਇਹ ਸ਼ਰਤ ਲਗਾ ਦਿੱਤੀ ਜਾਵੇ ਕਿ ਗਰਾਮ ਪੰਚਾਇਤਾਂ ਤੋ ਇਲਾਵਾ ਸੋਸਾਈਟੀਆਂ/ਸੰਸਥਾਵਾਂ ਪੰਜਾਬ ਸਰਕਾਰ ਦੇ ਨਿਯਮਾਂ ਐਕਟਾ ਅਧੀਨ ਰਜਿਸਟਰਡ ਹੋਣ।

(11) ਮੰਤਵ ਨੰ: 13 ਲਈ ਹੇਠ ਲਿਖੀਆ ਸ਼ਰਤਾ ਹੋਣਗੀਆਂ:-

1. ਗਰੀਬ ਆਦਮੀ ਬੀ.ਪੀ.ਐਲ. ਦਾ ਕਾਰਡ ਧਾਰਕ ਜਾਂ ਆਟਾ ਦਾਲ ਸਕੀਮ ਦਾ ਲਾਭਪਾਤਰ ਹੋਵੇਗਾ।
2. ਲਾਭਪਾਤਰ ਵਲੋ ਇੰਦਰਾ ਅਵਾਸ ਯੋਜਨਾ ਜਾਂ ਕਿਸੇ ਹੋਰ ਸਕੀਮ ਅਧੀਨ ਪਹਿਲਾਂ ਇਸ ਮੰਤਵ ਲਈ ਲਾਭ ਨਾ ਲਿਆ ਹੋਵੇ।
3. ਲਾਭਪਾਤਰ ਪਿੰਡ/ਸ਼ਹਿਰ ਦਾ ਪੱਕਾ ਵਾਸੀ ਹੋਵੇ ਅਤੇ ਉਸ ਦਾ ਵੋਟਰ ਸ਼ਨਾਖਤੀ ਕਾਰਡ ਬਣਿਆ ਹੋਵੇ।
4. ਪਿੰਡਾ ਵਿੱਚ ਇਹ ਗਰਾਂਟ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਸ਼ਹਿਰਾ ਵਿੱਚ ਸਬ ਡਵੀਜ਼ਨਲ ਮੈਜਿਸਟਰੇਟ ਜਾਂ ਕਾਰਜਕਾਰੀ ਅਫ਼ਸਰ,ਮਿਉਨਸਪਲ ਕਮੇਟੀ ਰਾਹੀ ਜਾਰੀ ਕੀਤੀ ਜਾਵੇਗੀ।
5. ਲਾਭਪੱਤਰ ਪਾਸ ਜਗ੍ਹਾ ਉਪਲਬੱਧ ਹੋਵੇ ਅਤੇ ਉਸ ਦੀ ਮਲਕੀਅਤ ਹੋਵੇ।
6. ਇਕ ਲਾਭਪਾਤਰ ਨੂੰ ਇਕ ਤੋ ਵੱਧ ਵਾਰ ਗਰਾਂਟ ਜਾਰੀ ਨਹੀ ਕੀਤੀ ਜਾ ਸਕਦੀ।

(12) ਮੰਤਵ ਨੰ: 14 ਲਈ ਸ਼ਰਤਾਂ:

1. ਇਹ ਗਰਾਂਟਾਂ ਹਰੀਜਨਾਂ/ਬਾਜੀਗਰਾਂ ਅਤੇ ਹੋਰ ਗਰੀਬ ਵਰਗਾਂ ਦੀਆਂ ਧਰਮਸ਼ਾਲਾਵਾਂ ਨੂੰ ਸਾਂਝੀ ਵਰਤੋ ਲਈ ਦਿੱਤੀਆਂ ਜਾਣਗੀਆਂ।

2. ਜਿਨ੍ਹਾਂ ਸੰਸਥਾਵਾਂ ਨੂੰ ਇਹ ਗਰਾਂਟ ਦਿੱਤੀ ਜਾਵੇ ਉਹ ਹਰੀਜ਼ਨਾਂ/ਬਾਜੀਗਰਾਂ ਅਤੇ ਹੋਰ ਵੰਚਿਤ ਵਰਗਾਂ ਦੀ ਰਜਸਿਟਰਡ ਸੰਸਥਾ ਹੋਣੀ ਚਾਹੀਦੀ ਹੈ। ਧਰਮਸ਼ਾਲਾ ਨੂੰ ਗਰਾਂਟ ਦੇਣ ਦੀ ਹਾਲਤ ਵਿੱਚ ਧਰਮਸ਼ਾਲਾ ਨੂੰ ਚਲਾਉਣ ਵਾਲੀ ਸੰਸਥਾ ਵੀ ਰਜਿਸਟਰਡ ਹੋਣੀ ਚਾਹੀਦੀ ਹੈ।

3. ਇਹ ਗਰਾਂਟ ਸਾਂਝੇ ਤੌਰ ਤੇ ਆਮ ਵਰਤੋ ਲਈ ਹੋਵੇਗੀ ਅਤੇ ਨਾ ਕਿ ਕਿਸੇ ਵਿਅਕਤੀਗਤ ਲਾਭਪੱਤਰ ਲਈ।

7. ਗਰਾਂਟ ਜਾਰੀ ਕਰਨ ਦੀ ਵਿਧੀ:

ਜਿਉ ਹੀ ਮੁੱਖ ਮੰਤਰੀ ਪੰਜਾਬ ਜੀ ਗਰਾਂਟ ਐਲਾਨ ਕਰਕੇ ਆਪਣਾ ਨੋਟ/ਆਦੇਸ਼ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਭੇਜਣਗੇ ਇਹ ਨੋਟ/ਆਦੇਸ਼ ਪ੍ਰਾਪਤ ਹੋਣ ਤੇ ਤੁਰੰਤ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਸਬੰਧਤ ਡਿਪਟੀ ਕਮਿਸ਼ਨਰ ਨੂੰ ਪ੍ਰਵਾਨਗੀ ਪੱਤਰ ਜਾਰੀ ਕਰੇਗਾ।ਡਿਪਟੀ ਕਮਿਸ਼ਨਰ ਨਿਸ਼ਚਿਤ ਕੀਤੇ ਪ੍ਰਫ਼ਾਰਮੇ 'ਅਨੁਲੱਗ ਅ' ਵਿੱਚ ਮਾਨਯੋਗ ਮੁੱਖ ਮੰਤਰੀ ਜੀ ਤੋ ਸਹੀ ਪਾਉਣ ਉਪਰੰਤ ਸਬੰਧਤ ਸੰਸਥਾ ਤੋ ਲੋੜੀਂਦੇ ਦਸਤਾਵੇਜ ਪ੍ਰਾਪਤ ਕਰਨ ਉਪਰੰਤ ਗਰਾਂਟ ਸਬੰਧਤ ਸੰਸਥਾਂ ਨੂੰ ਰਲੀਜ਼ ਕਰੇਗਾ।ਇਸ ਦੇ ਵਰਤੋਂ ਸਰਟੀਫ਼ਿਕੇਟ ਡਿਪਟੀ ਕਮਿਸ਼ਨਰ ਵਲੋ ਪ੍ਰਾਪਤ ਕਰਕੇ ਸਿਧੇ ਮਹਾ ਲੇਖਾਕਾਰ, ਪੰਜਾਬ ਅਤੇ ਮੁੱਖ ਦਫ਼ਤਰ ਨੂੰ ਭਿਜਵਾਏ ਜਾਣਗੇ।ਲੜੀ ਨੰ:12,13 ਅਤੇ 14 ਤੇ ਗਰਾਂਟਾ ਸਬੰਧਤ ਲਾਭਪੱਤਰਾ ਨੂੰ ਮਿਥੀਆਂ ਸ਼ਰਤਾ ਮੁਕੰਮਲ ਕਰਵਾਉਣ ਉਪਰੰਤ ਡਿਪਟੀ ਕਮਿਸ਼ਨਰ ਵਲੋ ਜਾਰੀ ਕੀਤੀ ਜਾਵੇਗੀ।

8. ਗਰਾਂਟ ਖਰਚ ਕਰਨ, ਪਲਾਨਿੰਗ ਕਰਨ, ਕੰਮ ਕਰਨ ਦੀ ਵਿਧੀ ਅਤੇ ਮੋਨੀਟਰਿੰਗ ਕਰਨ ਦੀ ਵਿਵਸਥਾ

(1) ਗਰਾਂਟ ਖਰਚ ਕਰਨ ਤੋ ਪਹਿਲਾਂ ਪ੍ਰੋਜ਼ੈਕਟ ਦਾ ਲੇਅ-ਆਉਟ, ਤਖਮੀਨਾ ਅਤੇ ਨਕਸ਼ਾ ਤਿਆਰ ਕਰਕੇ ਸਬੰਧਤ ਡਿਪਟੀ ਕਮਿਸ਼ਨਰ ਨੂੰ ਦਿੱਤਾ ਜਾਵੇਗਾ।

(2) ਸ਼ੁਰੂ ਕੀਤੇ ਕੰਮ ਤੇ ਅਧੂਰੇ ਪਏ ਕੰਮਾਂ ਨੂੰ ਸ਼ੁਰੂ ਕਰਕੇ ਪ੍ਰਾਪਤ ਹੋਈ ਗਰਾਂਟ ਨਾਲ ਮੁਕੰਮਲ ਕੀਤਾ ਜਾਵੇਗਾ। ਜੇਕਰ ਸ਼ੁਰੂ ਕਰਨ ਵਾਲੇ ਕੰਮ ਪਹਿਲਾਂ ਹੀ ਅਧੂਰੀ ਅਵਸਥਾ ਵਿੱਚ ਛੱਡਿਆ ਹੋਇਆ ਹੈ ਤਾਂ ਉਹ ਗਰਾਂਟ ਪ੍ਰਾਪਤ ਹੋਣ ਤੇ ਮੁਕੰਮਲ ਕੀਤਾ ਜਾਵੇਗਾ।

(3) ਸ਼ੁਰੂ ਕੀਤੇ ਕੰਮ ਇਕ ਸਾਲ ਦੇ ਅੰਦਰ ਅੰਦਰ ਮੁਕੰਮਲ ਕਰਕੇ ਫ਼ੰਡਾਂ ਦੀ ਵਰਤੋ ਸਬੰਧੀ ਸਰਟੀਫ਼ਿਕੇਟ ਨਿਸ਼ਚਿਤ ਪ੍ਰਫ਼ਾਰਮੇ ਵਿੱਚ ਸਬੰਧਤ ਡਿਪਟੀ ਕਮਿਸ਼ਨਰ ਨੂੰ ਦਿੱਤਾ ਜਾਵੇਗਾ। ਪ੍ਰੋਫ਼ਾਰਮਾ 'ਅਨੁਲੱਗ ੲ' ਤੇ ਹੈ।

(4) ਲਾਭਪਾਤਰੀ ਸੰਸਥਾ ਗਰਾਂਟ ਕੋਮੀਕ੍ਰਿਤ ਬੈਕ ਜਾ ਡਾਕਖਾਨੇ ਵਿੱਚ ਰਹੇਗੀ। ਗਰਾਂਟ ਦੀ ਇਸ ਰਕਮ ਤੇ ਪ੍ਰਾਪਤ ਹੋਇਆ ਵਿਆਜ਼ ਵੀ ਗਰਾਂਟ ਦਾ ਇਕ ਹਿੱਸਾ ਹੋਵੇਗਾ। ਗਰਾਂਟ ਕਿਸ਼ਤਾਂ ਵਿੱਚ ਲੋੜ ਅਨੁਸਾਰ ਕਢਵਾਈ ਜਾਵੇ। ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਜਾਂ ਉਨ੍ਹਾਂ ਵਲੋ ਅਧਿਕਾਰਤ ਅਧਿਕਾਰੀ ਨੂੰ ਮੰਗ ਕਰਨ ਤੇ ਜਮ੍ਹਾਂ ਅਤੇ ਖਰਚ ਬਾਰੇ ਰਿਕਾਰਡ ਵਿਖਾਉਣਾ ਪਵੇਗਾ।

(5) ਗਰਾਂਟ ਖਰਚ ਕਰਨ ਦੇ ਸਮੇ ਖਰਚੇ ਦੀ ਹਰ ਮੱਦ ਦੇ ਵਾਊਚਰ, ਰਸੀਦਾਂ ਜੋ ਲਾਭਪਾਤਰੀ ਸੰਸਥਾ ਦੇ ਮੁੱਖ/ਕਾਰਜ਼ਕਾਰੀ ਸੰਸਥਾਂ ਵਲੋ ਤਸਦੀਕ ਕੀਤੀਆਂ ਹੋਣ, ਆਡਿਟ ਪਾਰਟੀ ਨੂੰ ਆਡਿਟ ਲਈ ਪੇਸ਼ ਕੀਤੀਆਂ ਜਾਣਗੀਆਂ। ਆਡਿਟ ਮਹਾਲੇਖਾਕਾਰ, ਪੰਜਾਬ; ਰਾਹੀ ਕਰਵਾਇਆ ਜਾਵੇਗਾ।

(6) ਕਾਰਜਕਾਰੀ ਸੰਸਥਾ/ਲਾਭਪਾਤਰ ਕਰਵਾਏ ਗਏ ਕੰਮਾਂ ਦੇ ਵਰਤੋ ਸਰਟੀਫ਼ਿਕੇਟ ਨਿਸ਼ਚਿਤ ਪ੍ਰੋਜ਼ਫ਼ਾਰਮੇ ਵਿੱਚ ਦੇਵੇਗਾ ਅਤੇ ਇਹ ਵੀ ਤਸਦੀਕ ਕਰਕੇ ਦੇਵੇਗਾ ਕਿ ਕਰਵਾਏ ਗਏ ਕੰਮ ਤਖਮੀਨੇ ਅਨੁਸਾਰ ਪ੍ਰਮਾਣਿਤ ਪੱਧਰ ਦਾ ਕਰਵਾਇਆ ਗਿਆ ਹੈ।

(7) ਸਰਕਾਰ ਆਪਣੇ ਪੱਧਰ ਤੇ ਇਸ ਸਕੀਮ ਅਧੀਨ ਜਾਰੀ ਗਰਾਂਟ ਨਾਲ ਚਲ ਰਹੇ ਕੰਮ ਦਾ ਰਿਵਿਯੂ ਕਰਨ ਲਈ ਮੁੱਖ ਦਫ਼ਤਰ ਤੋ ਕਿਸੇ ਵੀ ਅਧਿਕਾਰੀ ਦੀ ਡਿਉਟੀ ਲਗਾ ਸਕਦੀ ਹੈ।

ਕੰਮ ਦੀ ਪ੍ਰਗਤੀ ਨੂੰ ਮੌਕੇ ਤੇ ਵੇਖਣ ਹਿੱਤ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ਖੁੱਦ ਜਾਂ ਉਹਨਾਂ ਵਲੋ ਨਾਮਜਦ ਅਧਿਕਾਰੀ ਚਲ ਰਹੇ ਕੰਮਾਂ ਦਾ ਮੌਕੇ ਤੇ ਨਰੀਖਣ ਕਰ ਸਕਦੇ ਹਨ। ਕਾਰਜ਼ਕਾਰੀ ਸੰਸਥਾਂ ਨੂੰ ਉਨ੍ਹਾਂ ਵਲੋ ਮੰਗ ਕਰਨ ਤੇ ਲੋੜੀਦਾ ਤਫ਼ਸੀਲ ਅਤੇ ਵੇਰਵਾ ਪੇਸ਼ ਕਰਨਾ ਹੋਵੇਗਾ।

9. ਸਰਕਾਰੀ ਵਿਭਾਗਾਂ ਵਲੋ ਇਸ ਗਰਾਂਟ ਨਾਲ ਕੀਤੇ ਜਾ ਰਹੇ ਕੰਮ ਦੀ ਪ੍ਰਗਤੀ ਰਿਪੋਰਟ ਸਮੇ ਸਮੇ ਸਿਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਦੇਣੀ ਜਰੂਰੀ ਹੋਵੇਗੀ। ਇਹ ਪ੍ਰਗਤੀ ਰਿਪੋਰਟ ਨਿਰਧਾਰਤ ਪ੍ਰਫ਼ਾਰਮੇ ਵਿੱਚ ਭੇਜੀ ਜਾਵੇਗੀ ਜੋ 'ਅਨੁਲੱਗ ਸ' ਤੇ ਹੈ।

ਸਹੀ/-
ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਅਨੁਲੱਗ 'ੳ'

FORM OF AGREEMENT TO BE EXECUTED AT THE TIME OF DRAWING OF GRANT UNDER THE "GRANT FOR STRENGTHENING THE INFRASTRUCTURE AND INSTITUTIONAL WORKS"

AN AGREEMENT made on _____day of _____BETWEEN_____of _____

(hereinafter called the Beneficiary, which expression shall include his heirs, administrators, executors and legal representatives) of the one part and the Governor of Punjab (Hereinafter called the Governor which expression shall include his successors and assignees) of the other part, WHEREAS Shri_____ (hereinafter called the beneficiary) has applied for grant of Rs_____(Rupees _____only) under the scheme 'Grant for strengthening of Infrastructure and institutional works and which grant has been sanctioned by the Governor of Punjab for the purpose of _____AND WHEREAS the Beneficiary has undertaken to utilize this grant within a period of one year from the date of sanction of the Grant on the following conditions:-

i) that the Benfficiary shall render detailed account of the amount utilized.

ii) that he shall produce the Utilization certificate within a period of one year after the completion of the work and shall refund the amount of unutilized grant immediately.

iii) that he shall render the accounts whenever called for,

iv) that the Secretary to government, Punjab, Rural Development Punjab, Director Rural Development and Panchayats, Punjab or any other officer authorized by him , may inspect the site of works at any time and the Beneficiary shall co-oprate with him,

v) that the Beneficiary shall execute a document hypothecating the property of equal amount to the Governor for which the grant is released.

IN WTINESS Where of the Beneficiary and _____for and on befhalf of the Governor have hereunto set their hands the day and year first before written.

Signed by the Beneficiary
In the presence of

Signature of the Beneficiary

1.
2.

For and on behalf of the Governor
of Punjab

Signature and Designation of the officer.

1.
2.

SURETY BOND -SPECIMEN

KNOW ALL MEN BY THESE PRESENT That I _____of _____at present holding the office of _____(hereinafter called 'the surety') am held and firmly bound unto the governor of Punjab (hereinafter called' the Governor), which expression shall, unless excluded by or repugnant to the subject or contex, include his successors in office and assigns) in the sum of Rs._____(Rupees _____only) to be paid to the Government FOR WHICH PAYMENT To be well and truly made I hereby bind my self, my heirs executors, adminstators and representatives firmly by these present, As withness I set my hand this _____day of _____WHEREAS _____son/wife/daughter of _____Resident of_____In the District of _____at present holding the office of_____ stands surety for grant in aid for _____ and whereas the Government sanctioned the payment of Rs_____ (Rupees _____only) under the policy framed by the State Government to regulate the grant in aid under the scheme, 'Grant for strengthening the Infrastructure and Institutional works.' AND WHEREAS THE BENENFICIARY has also undertaken in a separate agreement to refund the said amount in case of default AND WHEREAS in consideration of the Government having agreed to grant the aforesaid graint in aid to the beneficiary, the Surety has agreed to execute this bond with such condition as hereunder is written.

NOW THE CONDTION OF THE OBLIGATION TO that said Beneficiary abide by the conditions of grant and shall utilize it for the purpose for which it has been sanctioned, In case the beneficiary makes as default of breasches any condition which is the opinion of the Government amounts to breasch of condition, I undertake to refund the entire amount of the Grant.

The obligation undertaken by the Surety shall not be discharged or in any way effected by extension of time or any other indulgence granted by the Government to the said Beneficiary signed and delivered by the said……

(Signature of Surety)

At
day of …….

In the presence of

1. …….
2. …….

Signature, address and
Occupation of the withness

…….

for and on behalf of the
Governor of Punjab in the presence of

1. ……
2. ……

ਅਨੁਲੱਗ– 'ਅ'

ਬੁਨਿਆਦੀ ਢਾਚਾ ਅਤੇ ਸੰਸਥਾਗਤ ਕੰਮ ਮਜ਼ਬੂਤ ਕਰਨ ਲਈ

ਗਰਾਂਟ ਦੇਣ ਸਬੰਧੀ ਪ੍ਰਫਾਰਮਾ——————————

ਮੁੱਖ ਮੰਤਰੀ, ਪੰਜਾਬ ਵਲੋ 1997–98 ਦੋਰਾਨ ਰੱਖੇ ਗਏ ਫੰਡਾਂ ਵਿਚੋ ਗਰਾਂਟ ਦੀ ਮੰਨਜ਼ੂਰੀ।

1. ਲੜੀ ਨੰ: _____

2. ਗਰਾਂਟ ਦੀ ਮੰਨਜ਼ੂਰੀ ਦਾ ਮੰਤਵ _____

3. ਪਿੰਡ _____

4. ਤਹਿਸੀਲ _____

5. ਜਿਲ੍ਹਾ _____

6. ਮੰਨਜ਼ੂਰ ਕੀਤੀ ਗਈ ਰਕਮ _____

7. ਕਾਰਜਕਾਰੀ ਏਜੰਸੀ _____

8. ਪਬਲਿਕ ਅੰਸਦਾਨ ਜੇ ਕੋਈ ਹੋਵੇ _____

9. ਗਰਾਂਟ ਦੀ ਰਕਮ ਨਾਲ ਲਗਾਈ _____
ਗਈ ਕੋਈ ਸ਼ਰਤ ਜਾਂ ਵਿਸ਼ੇਸ ਕਥਨ _____

10. ਗਰਾਂਟ ਅਨਾਂਉਸ ਕਰਨ ਦੀ ਮਿਤੀ _____

ਮੁੱਖ ਮੰਤਰੀ,
ਪੰਜਾਬ

ਸੇਵਾ ਵਿਖੇ

ਡਾਇਰੈਕਟਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ,
ਐਸ.ਸੀ.ਓ.ਨੰ: 112–113, ਸੈਕਟਰ 17ਸੀ,
ਚੰਡੀਗੜ੍ਹ।

ਗਾ:ਸ:ਪੱਤਰ ਨੰ: ਮਿਤੀ:
ਪਿੱਠ ਅੰਕਣ ਨੰ: ਮਿਤੀ:

ਇਸ ਦੀ ਇੱਕ ਕਾਪੀ ਨਿਮਨਲਿਖਤ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ:–

1. ਡਿਪਟੀ ਕਮਿਸ਼ਨਰ _____
2. _____
3. _____
4. ਸੰਬਧਤ ਸੰਸਥਾ/ਏਜੰਸੀ

ਪ੍ਰਮੁੱਖ ਸਕੱਤਰ/ਮੁੱਖ ਮੰਤਰੀ

ਅਨੁਲੱਗ 'ਏ'

ਬੁਨਿਆਦੀ ਢਾਚਾ ਅਤੇ ਸੰਸਥਾਗਤ ਕੰਮ ਮਜ਼ਬੂਤ ਕਰਨ ਲਈ ਗਰਾਂਟ ਦਾ ਵਰਤੋ ਸਰਟੀਫਿਕੇਟ ਦਾ ਫਾਰਮ

ਲੜੀ ਨੰ: _____ ਪੱਤਰ ਨੰ: ਅਤੇ ਮਿਤੀ _____ ਰਕਮ _____

ਤਸਦੀਕ ਕੀਤਾ ਜਾਂਦਾ ਹੈ ਕਿ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪੱਤਰ ਰਾਹੀ ਮਿਲੀ ਇਮਦਾਦ (ਗਰਾਂਟ ਇੰਨਏਡ) ਰਕਮ _____ ਰੁਪਏ ਵਿਚੋ _____ ਰੁਪਏ ਅਤੇ ਪਿਛਲੇ ਸਾਲ ਦੀ ਖਰਚੀ ਰਕਮ ___ ਰੁਪਏ ਵਿਚੋਂ _____ ਰੁਪਏ _____ ਮੰਤਵ ਲਈ ਵਰਤੇ ਗਏ ਹਨ।

ਇਹ ਰਕਮ ਜਿਸ ਮੰਤਵ ਲਈ ਮਿਲੀ ਸੀ, ਉਸ ਤੇ ਖਰਚ ਕਰਨ ਉਪਰੰਤ ਜੋ ਸਾਲ ਦੇ ਖ਼ਤਮ ਹੋਣ ਉਪਰੰਤ _____ ਰੁਪਏ ਬਕਾਇਆ ਅਣਵਰਤੇ ਰਹਿ ਗਏ ਸਨ, ਸਰਕਾਰ ਦੇ ਹਵਾਲੇ (ਸਰੰਡਰ) ਕਰ ਦਿੱਤੇ ਹਨ (ਪੱਤਰ ਨੰ : _____ ਮਿਤੀ _____) ਅਗਲੇ ਸਾਲ ਪ੍ਰਾਪਤ ਹੋਣ ਵਾਲੀ ਗਰਾਂਟ ਵਿਚ ਸ਼ਾਮਲ ਕਰਕੇ ਵਰਤੋ ਵਿਚ ਲਿਆਂਦੇ ਜਾਣਗੇ।

ਮਿਤੀ ਕਾਰਜਕਾਰੀ ਏਜੰਸੀ ਦਾ ਮੁੱਖੀ ਲਾਭਪਾਤਰੀ ਸੰਸਥਾ ਦਾ ਮੁੱਖ

2. ਤਸਦੀਕ ਕੀਤਾ ਜਾਂਦਾ ਹੈ ਕਿ ਇਮਦਾਦੀ ਗਰਾਂਟ ਜਿਨਾਂ ਸ਼ਰਤਾਂ ਨਾਲ ਮੰਨਜੂਰ ਕੀਤੀ ਗਈ ਸੀ, ਉਨ੍ਹਾਂ ਦੀ ਪੂਰੀ ਪਾਲਣਾ ਕੀਤੇ ਜਾਣ/ਪੂਰੀ ਪਾਲਣਾ ਕੀਤੀ ਜਾ ਰਹੀ ਹੋਣ ਬਾਰੇ ਮੇਰੀ ਪੂਰੀ ਸੰਤੂਸ਼ਟੀ ਹੈ ਅਤੇ ਇਹ ਵੇਖਣ ਲਹੀ ਕਿ ਰਕਮ ਉਸ ਮੰਤਵ ਲਈ ਹੀ ਜਿਸ ਲਈ ਕਿ ਇਹ ਮੰਨਜੂਰ ਕੀਤੀ ਗਈ ਸੀ, ਖਰਚ ਹੋਣ ਬਾਰੇ ਮੇਰੇ ਵਲੋ ਹੇਠ ਲਿਖੇ ਸਾਧਨ ਵਰਤੇ ਗਏ:-

ਚੈਕਿੰਗ ਲਈ ਵਰਤੇ ਅਭਿਆਸ:

1. ਕਿ ਮੋਕੇ ਤੇ ਮੁਕਮੰਲ ਕੀਤਾ ਕੰਮ ਵੇਖਿਆ ਹੈ।
2. ਕਿ ਕਾਰਜਕਾਰੀ ਏਜੰਸੀ ਵਲੋ ਮੁਕੰਮਲ ਹੋਏ ਕੰਮ ਦੇ ਖਰਚੇ ਦੇ ਵੇਰਵੇ, ਮਸਟਰ ਰੋਲ/ਵਰਕ ਰਜਿਸ਼ਟਰ/ਕੈਸ਼ ਬੁੱਕ, ਸਟਾਕ ਰਜਿਸਟਰ (ਮੈਟੀਰੀਅਲ ਐਟ ਸਾਇਟ ਰਜਿਸਟਰ) ਵਿਚ ਕੀਤੇ ਇੰਦਰਾਜਾ ਦੇ ਅਧਾਰ ਤੇ ਤਿਆਰ ਕੀਤੇ ਗਏ ਹਨ।
3. ਕਿ ਹੋਏ ਕੰਮ ਦੀਆ ਮਿਣਤੀਆਂ ਦਾ ਰਿਕਾਰਡ ਰਖਿਆ ਗਿਆ ਹੈ ਅਤੇ ਅੰਤਿਮ ਬਿਲ ਅਧਿਕਾਰਤ ਇੰਨਜੀਨਅਰ ਵਲੋ ਤਸਦੀਕ ਕੀਤਾ ਗਿਆ ਹੈ ਅਤੇ ਖਰਚਾ ਮੰਨਜੂਰ ਸੂਦਾ ਅਨੁਮਾਨ ਦੇ 5 ਪ੍ਰਤੀਸ਼ਤ ਦੇ ਅੰਦਰ ਹੈ।
4. ਕਿ ਲਾਭਪਾਤਰੀ ਸੰਸਥਾ ਨੇ ਸਾਰਾ ਸਬੰਧਤ ਰਿਕਾਰਡ ਇਕ ਫਾਇਲ ਵਿਚ ਸੰਭਾਲਿਆ ਹੋਇਆ ਹੈ।

ਲਾਭ ਪਾਤਰੀ ਸੰਸਥਾ ਦਾ ਮੁੱਖੀ।

ਅਨੁਲੱਗ 'ਸ'

ਬੁਨਿਆਦੀ ਢਾਚੇ ਅਤੇ ਸੰਸਥਾਗਤ ਕੰਮਾਂ ਨੂੰ ਮਜਬੂਤ ਕਰਨ ਲਈ ਗਰਾਂਟਾਂ ਦੀ ਵਰਤੋਂ ਸਬੰਧੀ ਪ੍ਰਗਤੀ ਰਿਪੋਰਟ

ਬਾਬਤ ਮਹੀਨਾ _____

ਲੜੀ ਨੰ:	ਸੰਸਥਾ ਦਾ ਨਾਂ ਜਿਸ ਨੂੰ ਗਰਾਟ ਜਾਰੀ ਕੀਤੀ ਗਈ	ਕਾਰਜਕਾਰੀ ਏਜੰਸੀ	ਪ੍ਰੋਜੈਕਟ ਦਾ ਕੁਲ ਤਖਮੀਨਾ	ਜਾਰੀ ਕੀਤੀ ਗਰਾਂਟ ਸਮੇਤ ਮਿਤੀ	ਪਿਛਲੇ ਮਹੀਨੇ ਤੱਕ ਖਰਚੀ ਰਕਮ	ਚਾਲੂ ਮਹੀਨੇ ਦੌਰਾਨ ਖਰਚੀ ਰਕਮ	ਹੁਣ ਤੱਕ ਕੁਲ ਖਰਚਾ	ਬਕਾਇਆ	ਭੌਤਿਕ ਪ੍ਰਗਤੀ			ਵਿਸ਼ੇਸ਼ ਕਥਨ
									ਪਿਛਲੇ ਮਹੀਨੇ ਤੱਕ	ਚਾਲੂ ਮਹੀਨੇ ਦੌਰਾਨ	ਕੰਮ ਦੀ ਪੂਰਤੀ ਲਈ ਮਿਤੀ	
1	2	3	4	5	6	7	8	9	10	11	12	13